# ਸ਼ਹੀਦੀ ਸਾਕੇ ਤੋਂ ਬਾਅਦ ਦਾ ਇਤਿਹਾਸ (ਭਾਗ-2)

हिंदी अनुवाद नीचे उपलब्ध है

**ਨਿੱਕੀਆਂ ਜ਼ਿੰਦਾਂ ਵੱਡਾ ਸਾਕਾ ਦੇ ਗੌਰਵਮਈ ਸਫ਼ਰ-ਏ-ਸ਼ਹਾਦਤ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜ਼ਾਲਮਾਂ ਨੂੰ ਸੋਧਣ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਖ਼ਾਲਸਾ ਰਾਜ ਸਥਾਪਿਤ ਕਰਨ ਦੀ ਆਖ਼ਰੀ ਕੜੀ ਆਪ ਜੀ ਦੀ ਸੇਵਾ ਵਿੱਚ ਪੇਸ਼ ਕਰ ਰਹੇ ਹਾਂ:**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈ ਕੇ ਤੁਰੇ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਪੰਜਾਬ ਪਹੁੰਚ ਕੇ ਜ਼ਾਲਮ ਹਾਕਮਾਂ ਨੂੰ ਸੋਧਾ ਲਾ ਕੇ ਕੇਸਰੀ ਨਿਸ਼ਾਨ ਝੁਲਾਉਣਾ ਸ਼ੁਰੂ ਕਰ ਦਿੱਤਾ।

ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿੱਚ ਚਿਣ ਕੇ ਸ਼ਹੀਦ ਕਰਨ ਵਾਲੇ ਜਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਨੂੰ ਉਨ੍ਹਾਂ ਦੇ ਕੁਕਰਮਾਂ ਦੀ ਸਜ਼ਾ ਦੇ ਕੇ ਖ਼ਾਲਸੇ ਨੇ ਸਮਾਣਾ, ਸਢੌਰਾ ਆਦਿ ਦੇ ਹੋਰ ਜ਼ਾਲਮ ਹਾਕਮਾਂ ਨੂੰ ਸੋਧਿਆ। ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਵੱਲ ਨੂੰ ਕੂਚ ਕਰ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਜੀ ਅੰਦਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਜ਼ੁੰਮੇਵਾਰ ਵਜ਼ੀਰ ਸੁੱਚਾ ਨੰਦ ਅਤੇ ਸੂਬੇਦਾਰ ਵਜ਼ੀਰ ਖਾਨ ਪ੍ਰਤੀ ਭਾਰੀ ਰੋਹ ਸੀ ਅਤੇ ਖ਼ਾਲਸਾ ਫ਼ੌਜਾਂ ਇਨ੍ਹਾਂ

ਜ਼ਾਲਮਾਂ ਨੂੰ ਉਨ੍ਹਾਂ ਦੇ ਅਪਰਾਧਾਂ ਦੀ ਸਜ਼ਾ ਦੇਣ ਲਈ ਉਤਾਵਲੀਆਂ ਸਨ।

ਸੂਬਾ ਸਰਹਿੰਦ ਨੇ ਆਪਣੀ ਤਾਕਤ ਦੇ ਹੰਕਾਰ ਵਿੱਚ ਬੰਦਾ ਸਿੰਘ ਬਹਾਦਰ ਨੂੰ ਲਲਕਾਰਿਆ ਅਤੇ ਸ਼ਾਮ ਤੱਕ ਖ਼ਾਲਸਾ ਫ਼ੌਜਾਂ ਤੇ ਕਾਬਜ਼ ਹੋ ਜਾਣ ਦੀ ਧਮਕੀ ਦਿੱਤੀ। ਸੂਬਾ ਸਰਹਿੰਦ ਦੀ ਵੰਗਾਰ ਨੂੰ ਕਬੂਲਦਿਆਂ ਖ਼ਾਲਸਾ ਫ਼ੌਜਾਂ ਨੇ ਮੁਗਲ ਫ਼ੌਜਾਂ ਤੇ ਹੱਲਾ ਬੋਲ ਦਿੱਤਾ।

ਘਮਸਾਨ ਦਾ ਯੁੱਧ ਹੋਇਆ, ਸਿੰਘਾਂ ਨੇ ਮੁਗਲ ਫ਼ੌਜਾਂ ਦੇ ਪੈਰ ਉਖਾੜ ਦਿੱਤੇ। ਸਰਦਾਰ ਫ਼ਤਿਹ ਸਿੰਘ ਜੀ ਨੇ ਜੰਗ ਵਿੱਚ ਵਜ਼ੀਰ ਖ਼ਾਨ ਦਾ ਸਿਰ ਕਲਮ ਕਰ ਦਿੱਤਾ।

ਸੁੱਚਾ ਨੰਦ ਨੇ ਇਹ ਖ਼ਬਰ ਕਾਜ਼ੀ ਨੂੰ ਜਾ ਕੇ ਸੁਣਾਈ, ਦੋਨਾਂ ਨੇ ਦਿੱਲੀ ਵੱਲ ਨੂੰ ਭੱਜਣ ਦੀ ਸੋਚੀ, ਪਰ ਰਸਤੇ ਵਿੱਚ ਹੀ ਸਿੰਘਾਂ ਨੇ ਸੁੱਚਾ ਨੰਦ ਨੂੰ ਘੇਰ ਲਿਆ ਅਤੇ ਉਸਦੇ ਕੀਤੇ ਪਾਪਾਂ ਦੀ ਸਜ਼ਾ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਪੰਜਾਬ ਨੂੰ ਜ਼ਾਲਮਾਂ ਤੋਂ ਮੁਕਤ ਕਰਵਾਇਆ ਅਤੇ ਪਹਿਲੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਜੀ ਸਿੱਖ ਕੌਮ ਦੇ ਮਹਾਨ ਜਰਨੈਲਾਂ ਵਿੱਚੋਂ ਇੱਕ ਸਨ। ਆਓ ਆਪਾਂ ਸਾਰੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਬਣਾਈਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਥਾਪੜਾ ਲੈ ਕੇ ਕੌਮ ਦੀ ਚੜ੍ਹਦੀਕਲਾ ਲਈ ਲਾਮਬੰਦ ਹੋਈਏ। ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

---

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਘੜਨ ਲਈ ਰੋਜ਼ਾਨਾ ਵਿਸ਼ੇਸ਼ ਉਤਸ਼ਾਹਮਈ ਸਬਕ ਸਾਂਝੇ ਕੀਤੇ ਜਾਂਦੇ ਹਨ। ਵਿਦਿਆਰਥੀਆਂ ਨੂੰ ਸਮੇਂ ਦੀ ਸੁਚੱਜੀ ਵਰਤੋਂ ਸਿਖਾਉਣ ਲਈ ਨਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ। ਇਨ੍ਹਾਂ ਸੇਵਾਵਾਂ ਦਾ ਲਾਹਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ।

**ਆਤਮ ਪਰਗਾਸ ਸਮਾਜ ਭਲਾਈ ਸਭਾ**

99, ਪ੍ਰੀਤ ਵਿਹਾਰ, ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਗ, ਲੁਧਿਆਣਾ-142022

+91 82880-10531 / 32 www.atampargas.org

Like Facebook Page Subscribe YouTube Channel

# शहीदी साके के बाद का इतिहास (भाग-2)

**निकीआँ जिंदां वड्डा साका के गौरवमयी सफ़र-ए-शहादत के बाद बाबा बंदा सिंघ बहादुर जी ने ज़ालमों को हरा कर और सरहिंद की ईंट से ईंट बजाने के बाद ख़ालसा राज स्थापित करने की आखिरी कड़ी आप जी की सेवा में पेश कर रहे हैं:**

श्री गुरु गोबिंद सिंघ जी का आशीर्वाद लेकर चले बाबा बंदा सिंघ बहादुर जी ने पंजाब में केसरी निशान लहराना शुरू कर दिया।

छोटे साहिबज़ादों को दीवारों में चिन के शहीद करने वाले जल्लाद शाशल बेग और बाशल को उनके कुकर्मों की सज़ा देकर ख़ालसे ने समाणा, सधौरा आदि के ज़ालिम हाक्मों को सोधा।इसके पश्चात बाबा बंदा सिंघ बहादुर जी ने सरहिंद की ओर कूच कर दिया।

बाबा बंदा सिंघ बहादुर जी के मन में छोटे साहिबज़ादों की शहीदी के लिए ज़िम्मेदार वज़ीर सुच्चा नन्द और

सूबेदार वज़ीर खान के प्रति भारी रोष था और ख़ालसा फ़ौज इन ज़ालिमों को इनके अपराधों की सज़ा देने के लिए उतावली थी।

सूबा सरहिंद ने अपनी ताकत के अहंकार में बंदा सिंघ बहादुर को ललकारा और शाम तक ख़ालसा फ़ौज़ों पर काबिज होने की धमकी दी।सूबा सरहिंद की ललकार को कबूलते हुए ख़ालसा फ़ौजों ने मुगल फ़ौजों पर हल्ला बोल दिया।

घमासान का युद्ध हुआ, सिंघों ने मुगल फ़ौजों के पैर उखाड़ दिए।सरदार फ़तेह सिंघ जी ने जंग के मैदान में वज़ीर खान का सिर धड़ से अलग कर दिया।

सुच्चा नन्द ने यह खबर काजी को जाकर सुनाई, दोनों ने दिल्ली की ओर भागने की सोची, पर रास्ते में ही सिक्खों ने सुच्चा नन्द को घेर लिया और उसके किए पापों की सज़ा देकर उसे मौत के घाट उतार दिया।

इस तरह बाबा बंदा सिंघ बहादुर जी ने सरहिंद की ईंट से ईंट खड़का कर पंजाब को ज़ालिमों से मुक्त करवाया और पहले ख़ालसा राज की स्थापना की।

बाबा बंदा सिंघ बहादुर जी सिक्ख कौम के महान जरनैलों में से एक थे।आओ हम सब उनको अपना प्रेरणास्रोत बनाएं और श्री गुरु ग्रंथ साहिब जी की ओट लेकर कौम की चड़्दीकला के लिए लामबंद हों।आज के इतिहास को दर्शाती हुई वीडियो **आतम परगास फेसबुक पेज** पर देख सकते हैं।

आतम परगास की ओर से 'सचिआर मनुष्य' बनने के लिए प्रतिदिन विशेष सबक भेजे जाते हैं।समाज में समय की कदर की रुची प्रबल करने के लिए विद्यार्थियो को विशेष समय सारणी का पालन करने की सिखलाई देने के साथ-साथ उनके सम्पूर्ण विकास के लिए विद्वानों की विशेष टीम सेवा प्रदान कर रही है।इन सेवाओं का लाभ लेने के लिए निम्नलिखित नंबरों पर संपर्क करें जी।

ATAM PARGAS

**आतम परगास समाज भलाई सभा**

99, प्रीत विहार, शहीद करतार सिंघ सराभा मार्ग, लुधियाना-142022

+91 82880-10531 / 32 www.atampargas.org

Like Facebook Page Subscribe YouTube Channel